**THE PUNJAB STATE BOARD OF TECHNICAL EDUCATION AND INDUSTRIAL TRAINING**
PLOT NO. 1-A, SEC. 36-A, CHANDIGARH PH. : 615385, 622584-85 FAX : 660734

ਨੰ.ਪੀਐਸਬੀਟੀਈ/ਆਈ.ਟੀ/2016/ 2702    ਅਤਿ ਜ਼ਰੂਰੀ/ਸਮਾਂ ਬੱਧ    ਮਿਤੀ: 29.9.16

ਸੇਵਾ ਵਿਖੇ,

ਪ੍ਰਿੰਸੀਪਲ,
ਪੰਜਾਬ ਰਾਜ ਅਧੀਨ
ਸਮੂਹ ਆਈ.ਟੀ.ਆਈ ਸੰਸਥਾਵਾਂ ਪ੍ਰਾਈਵੇਟ ਅਤੇ ਸਰਕਾਰੀ।

ਵਿਸ਼ਾ: **Most Urgent : Removal of errors in the practical/engg. Draing marks of July/August, 2016 CTS Examination.**

ਉਪਰੋਕਤ ਵਿਸ਼ੇ ਸਬੰਧੀ ਆਪ ਜੀ ਨੂੰ ਦਰਸਾਇਆ ਜਾਂਦਾ ਹੈ ਕਿ ਜੁਲਾਈ/ਅਗਸਤ, 2016 ਸੀ.ਟੀ.ਐਸ ਪ੍ਰੀਖਿਆ ਨਾਲ ਸਬੰਧਤ ਪ੍ਰੈਕਟੀਕਲ ਅਤੇ ਇੰਜਨਰਿੰਗ ਮਾਰਕਸ NCVT MIS Portal ਤੇ ਅਪਲੋਡ ਕਰਨ ਦੀ ਮਿਤੀ 24/09/2016 ਨਿਰਧਾਰਤ ਕੀਤੀ ਗਈ ਸੀ। ਆਪ ਜੀ ਦੀ ਸੰਸਥਾਵਾਂ ਦੇ ਉਪਰੋਕਤ ਦਰਸਾਏ ਅਨੁਸਾਰ ਮਾਰਕਸ ਅਪਲੋਡ ਕਰਨ ਸਮੇਂ MIS ਪੋਰਟਲ ਰਾਹੀਂ Error List generate ਹੋਈ ਹੈ ਜੋ ਕਿ ਪੱਤਰ ਨਾਲ ਨੱਥੀ ਹੈ। ਹੁਣ ਡੀ.ਜੀ.ਟੀ, ਨਵੀਂ ਦਿੱਲੀ ਵੱਲੋਂ ਪ੍ਰਾਪਤ ਹੋਈਆਂ ਨਵੀਆਂ ਹਦਾਇਤਾਂ ਅਨੁਸਾਰ ਪ੍ਰੈਕਟੀਕਲ ਅਤੇ ਇੰਜਨਰਿੰਗ ਮਾਰਕਸ ਅਪਲੋਡ ਕਰਨ ਦੀ ਮਿਤੀ 30/9/2016 ਤੱਕ ਵਧਾ ਦਿੱਤੀ ਗਈ ਹੈ ਤਾਂ ਜੋ ਉਸ ਉਪਰੰਤ ਸੰਸਥਾਵਾਂ ਦਾ ਨਤੀਜਾ ਘੋਸ਼ਿਤ ਕੀਤਾ ਜਾ ਸਕੇ।

ਇਸ ਪੱਤਰ ਰਾਹੀਂ ਆਪ ਜੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ Error List ਅਨੁਸਾਰ ਅਪਣੇ ਪੱਧਰ ਤੇ ਇਹਨਾਂ ਨੂੰ ਠੀਕ ਕਰਨ ਲਈ ਯੋਗ ਕਾਰਵਾਈ ਪਹਿਲ ਦੇ ਆਧਾਰ ਤੇ ਕੀਤੀ ਜਾਵੇ । ਇਸ ਦੇ ਨਾਲ ਹੀ ਆਪ ਜੀ ਨੂੰ ਹਦਾਇਤ ਕੀਤੀ ਜਾਦੀ ਹੈ ਕਿ ਪ੍ਰੈਕਟੀਕਲ ਮਾਰਕਸ ਦੀ ਸੋਧੀ ਫਾਇਲ ਅਤੇ ਇੰਜਨਰਿੰਗ ਡਰਾਇੰਗ ਪੇਪਰ ਦਾ ਗੈਰਹਾਜਰੀ ਸਬੰਧੀ ਰਿਕਾਰਡ ਮਿਤੀ 29/09/2016 (4 ਵਜੇ) ਤੱਕ ਬੋਰਡ ਦਫਤਰ ਦੀ ਈ-ਮੇਲ ਅਡਰੈਸ aceitipb@gmail.com ਤੇ ਹਰ ਹਾਲਤ ਵਿੱਚ ਭੇਜਣਾ ਯਕੀਨੀ ਬਣਾਇਆ ਜਾਵੇ। ਇਸ ਦੇ ਨਾਲ ਹੀ ਆਪ ਜੀ ਨੂੰ ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੀ ਸੰਸਥਾ ਦੇ ਸਬੰਧਤ ਅਤੇ ਜਿੰਮੇਵਾਰ ਸਟਾਫ ਮੈਂਬਰ ਦੀ ਮਿਤੀ 30/9/2016 ਨੂੰ ਡਿਊਟੀ ਬੋਰਡ ਦਫਤਰ ਵਿਖੇ ਲਗਾਈ ਜਾਵੇ ਅਤੇ ਹਦਾਇਤ ਕੀਤੀ ਜਾਵੇ ਕਿ ਸਬੰਧਤ ਸਟਾਫ ਮੈਂਬਰ ਸਬੰਧਤ ਮੁਕੰਮਲ ਰਿਕਾਰਡ ਸਮੇਤ ਮਿਤੀ 30/09/2016 ਨੂੰ ਸਵੇਰੇ 9 ਵਜੇ ਬੋਰਡ ਦਫਤਰ ਵਿਖੇ ਹਾਜਰ ਹੋਣਾ ਯਕੀਨੀ ਬਣਾਏ ਤਾਂ ਜੋ ਸੋਧ ਅਨੁਸਾਰ ਐਕ ਸਮੇਂ ਸਿਰ ਪੋਰਟਲ ਤੇ ਅਪਲੋਡ ਕੀਤੇ ਜਾ ਸਕਣ। ਕਿਸੇ ਵੀ ਤਰਾਂ ਦੀ ਦੇਰੀ ਜਾਂ ਪਾਲਣ ਨਾ ਕਰਨ ਦੀ ਸੂਰਤ ਵਿੱਚ ਸਮੁੱਚੀ ਜਿੰਮੇਵਾਰੀ ਆਪ ਦੀ ਸੰਸਥਾ ਦੀ ਹੀ ਹੋਵੇਗੀ ।

ਨੱਥੀ ਉਪਰੋਕਤ ਅਨੁਸਾਰ

ਕੰਟਰੋਲਰ ਪ੍ਰੀਖਿਆਵਾਂ(ਆਈ.ਟੀ)
ਵਾਸਤੇ ਸਕੱਤਰ
ਪੰਜਾਬ ਰਾਜ ਤਕਨੀਕੀ ਸਿਖਿਆ ਅਤੇ ਉਦਯੋਗਿਕ
ਸਿਖਲਾਈ ਬੋਰਡ

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਰਿਕਾਰਡ/ਸੂਚਨਾ ਹਿੱਤ ਭੇਜਿਆ ਜਾਂਦਾ ਹੈ:

1. ਪੀ.ਏ/ਸਕੱਤਰ
2. ਸੀਸਟਮ ਐਡਮੀਨੀਸਟਰੇਟਰ
3. ਐਡਮਿਨ ਸ਼ਾਖਾ

//
ਕੰਟਰੋਲਰ ਪ੍ਰੀਖਿਆਵਾਂ(ਆਈ.ਟੀ)
ਵਾਸਤੇ ਸਕੱਤਰ
ਪੰਜਾਬ ਰਾਜ ਤਕਨੀਕੀ ਸਿਖਿਆ ਅਤੇ ਉਦਯੋਗਿਕ
ਸਿਖਲਾਈ ਬੋਰਡ